National Research Journal of Social Sciences
Volume-11, Issue-1, January-June 2026
PP: 16-19

ISSN: 2348-473X
Peer Reviewed & Refereed Journal (IF: 6.74)
Journal Website: www.nrjss.in

# ਸਿੱਖ ਇਤਿਹਾਸ ਵਿੱਚ ਸ੍ਰੀ ਗੁਰੂ ਤੇਗ਼ ਬਹਾਦਰ ਜੀ ਦੀ ਬਾਣੀ ਅਤੇ ਸ਼ਹਾਦਤ-ਇੱਕ ਸੰਦੇਸ਼ (ਸ੍ਰੀ ਗੁਰੂ ਤੇਗ਼ ਬਹਾਦਰ ਜੀ ਦੇ 350 ਸਾਲਾ ਸ਼ਹਾਦਤ ਨੂੰ ਸਮਰਪਿਤ)

**ਨਰਿੰਦਰਜੀਤ ਕੌਰ**

ਐਸੋਸੀਏਟ ਪ੍ਰੋਫ਼ੈਸਰ
ਮੁਖੀ, ਪੰਜਾਬੀ ਵਿਭਾਗ, ਖ਼ਾਲਸਾ ਕਾਲਜ ਫ਼ਾਰ ਵਿਮੈਨ, ਸਿਵਿਲ ਲਾਈਨਜ਼, ਲੁਧਿਆਣਾ (ਪੰਜਾਬ)

**ਸਾਰ**

ਧਰਮ ਦਾ ਮਾਰਗ ਦਰਸ਼ਨ ਸਾਨੂੰ ਆਪਣੀ ਵਿਰਾਸਤ ਨਾਲ ਜੋੜਦਾ ਅਤੇ ਸਾਰਥਿਕ ਸੇਧ ਪ੍ਰਦਾਨ ਕਰਦਾ ਹੈ।ਧਰਮ ਦਰਸ਼ਨ ਦਾ ਨਿਵੇਕਲਾ ਸਿਧਾਂਤ ਦੂਸਰਿਆਂ ਦੀ ਹੋਂਦ ਨੂੰ ਸਵੀਕਾਰ ਕਰਨਾ, ਉਹਨਾਂ ਦਾ ਸਤਿਕਾਰ ਕਰਨਾ ਅਤੇ ਲੋੜ ਪੈਣ ਤੇ ਰੱਖਿਆ ਕਰਨੀ ਤੋਂ ਇਲਾਵਾ ਸਮੁੱਚੀ ਮਾਨਵਤਾ ਲਈ ਕਲਿਆਣਕਾਰੀ ਹੋਣਾ ਹੈ।ਸਿੱਖ ਇਤਿਹਾਸ ਵਿੱਚ ਸਿੱਖ ਧਰਮ ਦੇ ਆਗਮਨ ਨਾਲ ਸ਼ਹਾਦਤ ਲਫ਼ਜ ਜੁੜਿਆ ਹੋਇਆ ਹੈ।ਸ਼ਹਾਦਤ ਜੋ ਮਨੁੱਖਤਾ ਦੇ ਹੱਕ ਜਾਂ ਦੂਸਰੇ ਧਰਮ ਦੀ ਰਾਖੀ ਲਈ ਦਿੱਤੀ ਗਈ ਸ਼ਹੀਦੀ ਸ਼ਹਾਦਤ ਅਖਵਾਉਂਦੀ ਹੈ ਜਾਂ ਉਹ ਸ਼ਹਾਦਤ ਜਿਸ ਪਿੱਛੇ ਸੁਨਹਿਰੀ ਅੱਖਰਾਂ ਵਿੱਚ ਇਤਿਹਾਸ ਲਿਖਿਆ ਗਿਆ ਹੋਵੇ। ਇਸ ਦੀ ਅਦੁੱਤੀ ਮਿਸਾਲ ਸਿੱਖਾਂ ਦੇ ਪੰਜਵੇਂ ਗੁਰੂ ਅਰਜਨ ਦੇਵ ਜੀ ਤੋਂ ਬਾਅਦ ਸ੍ਰੀ ਗੁਰੂ ਤੇਗ ਬਹਾਦਰ ਜੀ ਹਨ ਜਿਹਨਾਂ ਦੀ ਲਾਸਾਨੀ ਸ਼ਹਾਦਤ ਸਿੱਖ ਇਤਿਹਾਸ ਵਿੱਚ ਮੱਹਤਵਪੂਰਨ ਸਥਾਨ ਰੱਖਦੀ ਹੈ।"ਹਿੰਦ ਦੀ ਚਾਦਰ" ਅਖਵਾਉਣ ਵਾਲੇ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਸਬਰ, ਸੰਤੋਖ, ਸਿਦਕ, ਵੈਰਾਗ, ਨਿਸ਼ਚਾ ਅਤੇ ਸਵੈਮਾਨ ਵਰਗੇ ਬੁਨਿਆਦੀ ਅਰਥ ਉਹਨਾਂ ਦੇ ਉੱਚੇ-ਸੁੱਚੇ ਚਰਿੱਤਰ ਦੀ ਮਹਾਨਤਾ ਨੂੰ ਦਰਸਾਉਂਦੇ ਹਨ।ਉਹਨਾਂ ਨੂੰ ਅਕਾਲ ਪੁਰਖ ਵੱਲੋਂ ਮਿਲਿਆ ਸੰਦੇਸ਼ **'ਸਰਬੱਤ ਦਾ ਭਲਾ',** ਸ਼ਹੀਦੀ ਤੋਂ ਨਾ ਪਿੱਛੇ ਹਟਣ ਵਾਲਾ ਸੰਦੇਸ਼ ਸੀ ਜੋ ਉਹਨਾਂ ਨੇ ਹਿੰਦੂ ਧਰਮ ਦੀ ਰੱਖਿਆ ਦੀ ਖ਼ਾਤਿਰ ਸ਼ਹਾਦਤ ਦਾ ਜਾਮ ਪੀ ਕੇ ਸਿੱਖ ਧਰਮ ਦੇ ਇਤਿਹਾਸ ਵਿੱਚ ਇੱਕ ਨਵਾਂ ਇਨਕਲਾਬੀ ਮੋੜ ਪੈਦਾ ਕੀਤਾ। ਮਾਨਵਤਾ ਦੇ ਰਖਵਾਲੇ ਸ੍ਰੀ ਗੁਰੂ ਤੇਗ਼ ਬਹਾਦਰ ਜੀ ਨੇ ਮਨੁੱਖਤਾ ਅੰਦਰ ਸਵੈ-ਵਿਸਵਾਸ਼,ਸਵੈ-ਮਾਣ ਅਤੇ ਸਵੈ-ਬਲ ਪੈਦਾ ਕਰਕੇ ਮਨੁੱਖਤਾ ਨੂੰ ਗ਼ੁਲਾਮੀ ਦੀਆਂ ਜੰਜ਼ੀਰਾਂ ਤੋਂ ਨਿਜਾਤ ਪੁਆ ਕੇ ਆਪਣੀ ਵਿਰਾਸਤ ਨੂੰ ਜਿਉਂਦਾ ਰੱਖਣ ਦਾ ਸਹੀ ਪ੍ਰਮਾਣ ਦਿੰਦੇ ਹੋਏ ਸਮੁੱਚੀ ਕੌਮ ਨੂੰ ਹਲੂਣਿਆਂ।ਗੁਰੂ ਤੇਗ਼ ਬਹਾਦਰ ਜੀ ਨੇ ਮੁਗ਼ਲ ਸਾਮਰਾਜ ਦੀ ਕੱਟੜ ਨੀਤੀ ਦੀ ਵਿਰੋਧਤਾ ਕਰਦੇ ਹੋਏ ਪੂਰੇ ਹਿੰਦੁਸਤਾਨ ਦੇ ਲੋਕਾ ਨੂੰ ਆਪਣੇ ਹੱਕਾਂ ਲਈ ਸੁਤੰਤਰ ਰੂਪ ਵਿੱਚ ਅਤੇ ਧਰਮ ਦੇ ਰਾਹ ਤੇ ਚੱਲਣ ਲਈ ਪ੍ਰੇਰਿਤ ਕੀਤਾ।ਉਹਨਾਂ ਦੀ ਸ਼ਹੀਦੀ ਮੁਗ਼ਲ ਸ਼ਾਮਰਾਜ ਦੇ ਪਤਨ ਦਾ ਕਾਰਨ ਬਣੀ।ਸ੍ਰੀ ਗੁਰੂ ਤੇਗ਼ ਬਹਾਦਰ ਜੀ ਦੀ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚਲੀ ਅੰਕਿਤ ਬਾਣੀ ਦੇ 59 ਸ਼ਬਦ, 57 ਸਲੋਕ ਅਤੇ 15 ਰਾਗ ਮਾਨਵਤਾ ਦੇ ਭਲੇ ਲਈ ਰਚੀ ਧੁਰ ਕੀ ਬਾਣੀ- **"ਭੈ ਕਾਹੂ ਕੋ ਦੇਤਿ ਨਹਿ ਨਹਿ ਭੈ ਮਾਨਿਤ ਆਨ"**।। ਅਤੇ **"ਜਗ ਰਚਨਾ ਸਭ ਝੂਠ ਹੈ ਜਾਨ ਲੇਹੁ ਰੇ ਮੀਤ"**।। ਸਮੁੱਚੀ ਮਾਨਵਤਾ ਦੇ ਮਨੋਬਲ ਅਤੇ ਆਪਣੇ ਹੱਕਾਂ ਪ੍ਰਤੀ ਜਾਗਰੂਕ ਕਰਦੀ ਹੋਈ ਸਮੁੱਚੇ ਮਾਨਵ ਜਗਤ ਨੂੰ ਸੇਧ ਪ੍ਰਦਾਨ ਕਰਨ ਦਾ ਸੰਦੇਸ਼ ਦਿੰਦੀ ਹੈ।ਮੇਰੇ ਖ਼ੋਜ-ਪੱਤਰ ਦਾ ਵਿਸ਼ਾ:-**"ਸਿੱਖ ਇਤਿਹਾਸ ਵਿੱਚ ਸ੍ਰੀ ਗੁਰੂ ਤੇਗ਼ ਬਹਾਦਰ ਜੀ ਦੀ ਬਾਣੀ ਅਤੇ ਸ਼ਹਾਦਤ-ਇੱਕ ਸੰਦੇਸ਼"** ਸਮੁੱਚੀ ਲੋਕਾਈ ਨੂੰ ਉਹਨਾਂ ਦੀ ਪ੍ਰਸੰਗਿਕਤਾ ਨੂੰ ਕਾਇਮ ਰੱਖਦੇ ਹੋਏ ਆਪਣੀ ਵਿਰਾਸਤ ਤੋਂ ਜਾਣੂ ਕਰਵਾਉਣ ਦਾ ਨਿਮਾਣਾ ਜਿਹਾ ਉਪਰਾਲਾ ਹੈ ।

**ਕੀਵਰਡ (Keyword):** ਬਾਣੀ-ਰਚਨਾ, ਹੱਕ-ਸੱਚ, ਵੈਰਾਗ, ਤਿਆਗ, ਭਗਤੀ ਮਾਰਗ, ਸਵੈ-ਵਿਸ਼ਵਾਸ, ਮਨੋਬਲ, ਸਾਹਸੀ, ਨਿਡਰਤਾ, ਸ਼ਹਾਦਤ, ਬਾਣੀ-ਸੰਦੇਸ਼

ਧਰਮ ਦਰਸ੍ਹਨ ਦਾ ਨਿਵੇਕਲਾ ਸਿਧਾਂਤ ਸਮੁੱਚੀ ਮਾਨਵਤਾ ਦਾ ਕਲਿਆਣ ਕਰਨਾ ਹੈ। ਭਾਰਤੀ ਸੰਸਕ੍ਰਿਤੀ ਵਿੱਚ ਜੀਵਨ ਪਰਮਾਤਮਾ ਤੋਂ ਮਿਲੀ ਇੱਕ ਵਡਮੁੱਲੀ ਦਾਤ ਹੈ ਜਿਸ ਵਿੱਚ ਸਮੁੱਚੀ ਵਿਰਾਸਤ ਦੇ ਬੀਜ ਪੂਰੀ ਤਰ੍ਹਾਂ ਸਮੋਏ ਹੋਏ ਹਨ।ਕਿਸੇ ਕੌਮ ਦੀ ਉਸਾਰੀ ਲਈ ਦੂਸਰਿਆਂ ਦੀ ਹੋਂਦ ਨੂੰ ਸਵੀਕਾਰ ਕਰਨਾ, ਉਹਨਾਂ ਦਾ ਸਤਿਕਾਰ ਕਰਨਾ ਅਤੇ ਲੋੜ ਪੈਣ ਤੇ ਹਿਫ਼ਾਜਤ ਕਰਨੀ ਸਮੁੱਚੀ ਕੌਮ ਦੀ ਉਸਾਰੀ ਲਈ ਵਿਸੇ੍ਹਸ੍ਹ ਯੋਗਦਾਨ ਪਾਉਂਦੇ ਹਨ। ਸਿੱਖ ਇਤਿਹਾਸ ਵਿੱਚ ਸਿੱਖ ਧਰਮ ਦੇ ਆਗਮਨ ਨਾਲ ਹੀ ਸ੍ਹਹਾਦਤ ਲਫ਼ਜ਼ ਜੁੜਿਆ ਹੋਇਆ ਹੈ ਜੋ ਅਰਬੀ ਫਾਰਸੀ ਦਾ ਸ੍ਹਬਦ ਹੈ ਪਰ ਵੱਖੋ ਵੱਖਰੇ ਧਰਮਾਂ ਵਿੱਚ ਇਸਦੇ ਵੱਖੋ ਵੱਖਰੇ ਸੰਕਲਪ ਹਨ। ਇਸਲਾਮ ਧਰਮ ਵਿੱਚ ਆਪਣੇ ਕਾਫ਼ਰਾਂ ਨਾਲ ਲੜਦੇ ਹੋਏ ਜਾਨ ਦੇਣੀ, ਹਿੰਦੂ ਧਰਮ ਵਿੱਚ ਦੇਵੀ ਦੇਵਤਿਆਂ ਨੂੰ ਖੁਸ੍ਹ ਕਰਨ ਲਈ ਪਸ੍ਹੂਆਂ ਦੀ ਬਲੀ ਦੇਣਾ ਅਤੇ ਇਸਾਈ ਧਰਮ ਵਿੱਚ ਆਪਣੇ ਧਰਮ ਨੂੰ ਛੱਡਣ ਦੀ ਬਜਾਏ ਮੌਤ ਦਾ ਰਸਤਾ ਅਖਤਿਆਰ ਕਰਦੇ ਹੋਏ ਆਪਣੇ ਆਪ ਨੂੰ ਕੁਰਬਾਨ ਕਰਨਾ ਸ੍ਹਹੀਦੀ ਹੈ। ਇਸ ਤੋਂ ਇਲਾਵਾ ਅਨੇਕਾਂ ਧਰਮਾਂ ਵਿੱਚ ਸ੍ਹਹਾਦਤ ਲਈ ਕੁਰਬਾਨੀ ਦੇਣਾ ਅਤੇ ਬਲੀ ਦੇਣਾ ਆਦਿ ਸ੍ਹਬਦਾਂ ਦਾ ਪ੍ਰਯੋਗ ਵੀ ਕੀਤਾ ਜਾਂਦਾ ਹੈ ਜੋ ਸ੍ਹਹਾਦਤ ਦੇ ਅਯੋਗ ਹੈ। ਅਸਲ ਵਿੱਚ ਸ੍ਹਹਾਦਤ ਦਾ ਸੰਕਲਪ ਜੋ ਮਨੁੱਖਤਾ ਦੇ ਹੱਕ ਲਈ ਜਾਂ ਦੂਸਰੇ ਧਰਮ ਦੀ ਰਾਖੀ ਲਈ ਦਿੱਤੀ ਗਈ ਸ੍ਹਹੀਦੀ ਨੂੰ ਸ੍ਹਹਾਦਤ ਕਿਹਾ ਜਾਂਦਾ ਹੈ ਜਾਂ ਫਿਰ ਉਹ ਸ੍ਹਹਾਦਤ ਜਿਸ ਪਿੱਛੇ ਸੁਨਹਿਰੀ ਅੱਖਰਾਂ ਵਿੱਚ ਇਤਿਹਾਸ ਲਿਖਿਆ ਜਾਂਦਾ ਹੋਵੇ। ਸਿੱਖ ਇਤਿਹਾਸ ਵਿੱਚ ਪੰਜਵੇਂ ਸ੍ਰੀ ਗੁਰੂ ਅਰਜਨ ਦੇਵ ਜੀ ਸ੍ਹਹਾਦਤ ਦੇਣ ਵਾਲੇ ਪਹਿਲੇ ਗੁਰੂ ਸਨ ਜਿਨ੍ਹਾਂ ਨੇ ਜਹਾਂਗੀਰ ਦੀ ਧਰਮ ਵਿਰੋਧੀ ਕੱਟੜਤਾ ਕਾਰਨ ਤੱਤੀ ਤਵੀ ਤੇ ਬੈਠ ਕੇ ਸ੍ਹਹਾਦਤ ਦਾ ਜਾਮ ਪੀਤਾ। ਸਬਰ,ਸੰਤੋਖ, ਸਿਦਕ ਅਤੇ ਸਵੈਮਾਣ ਨੂੰ ਆਪਣਾ ਬੁਨਿਆਦੀ ਹੱਕ ਸਮਝਣ ਵਾਲੇ ਅਤੇ ਆਪਣੇ ਉਦੇਸ੍ਹ ਦੀ ਪੂਰਤੀ ਲਈ ਆਪਣੀ ਸ੍ਹਖ਼ਸੀਅਤ ਨੂੰ ਸ੍ਹਬਦ ਦੀ ਦੇਣ ਸਮਝਦੇ ਹੋਏ ਸ੍ਹਹਾਦਤ ਦੇ ਬੀਜ ਨੂੰ ਅੱਗੇ ਤੋਰਨ ਵਾਲੇ ਸ੍ਰੀ ਗੁਰੂ ਤੇਗ਼ ਬਹਾਦਰ ਜੀ ਨੇ ਸ੍ਹਹਾਦਤ ਦੇ ਕੇ ਆਪਣੇ ਸੱਚੇ-ਸੁੱਚੇ ਹੋਣ ਦਾ ਸਬੂਤ ਦਿੱਤਾ। ਸ੍ਰੀ ਗੁਰੂ ਤੇਗ਼ ਬਹਾਦਰ ਜੀ ਪਹਿਲੇ ਗੁਰੂ ਹੋਏ ਹਨ ਜ੍ਹਿਨਾਂ ਦੇ ਦੋ ਸਸਕਾਰ ਕੀਤੇ ਗਏ। ਇੱਕ ਸਸਕਾਰ ਉਹਨਾਂ ਦੇ ਸੀਸ ਦਾ ਅਤੇ ਦੂਜਾ ਦੇਹ ਦਾ ਆਪਣੇ ਆਪ ਵਿੱਚ ਵਿਲੱਖਣਤਾ ਦਾ ਧਾਰਨੀ ਹਨ।


© Copyright @ Authors

ਜੇਕਰ ਸ੍ਰੀ ਗੁਰੂ ਤੇਗ਼ ਬਹਾਦਰ ਜੀ ਦੀ ਰਚਨਾ ਦੀ ਗੱਲ ਕੀਤੀ ਜਾਵੇ ਤਾਂ ਉਨਾਂ ਵੱਲੋਂ ਉਚਾਰੀ ਗਈ ਬਾਣੀ ਦੇ 59 ਸ਼ਬਦ, 57 ਸਲੋਕ ਅਤੇ 15 ਰਾਗ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਵਿੱਚ ਦਰਜ ਹਨ।ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਕੁਲ 30 ਰਾਗਾਂ ਤੋਂ ਬਾਅਦ 31ਵਾਂ ਰਾਗ ਜੈਜਾਵੰਤੀ ਸਿਰਫ਼ ਸ੍ਰੀ ਗੁਰੂ ਤੇਗ਼ ਬਹਾਦਰ ਜੀ ਦਾ ਹੀ ਉਚਰਿਆ ਮਿਲਦਾ ਹੈ ਜਿਸ ਬਾਰੇ ਹਰਦੀਪ ਸਿੰਘ ਨੇ ਆਪਣੀ ਕਿਤਾਬ ਗੁਰੂ ਤੇਗ਼ ਬਹਾਦਰ ਦਰਸ਼ਨ ਵਿੱਚ ਇਵੇਂ ਜ਼ਿਕਰ ਕੀਤਾ ਹੈ:-

**"ਜੈਜਾਵੰਤੀ ਰਾਗ ਵਿੱਚ ਕਿਸੇ ਹੋਰ ਗੁਰੂ ਸਾਹਿਬ ਦੀ ਬਾਣੀ ਨਹੀਂ ਹੈ ਜਿੱਥੇ ਬਾਕੀ ਰਾਗ ਸਮਾਪਤ ਹੁੰਦੇ ਹਨ ਉਥੇ ਇਸ ਰਾਗ ਵਿੱਚ ਗੁਰੂ ਤੇਗ ਬਹਾਦਰ ਜੀ ਦੀ ਬਾਣੀ ਹੈ"।**[1]

ਉਹਨਾਂ ਦੇ 17 ਹੱਥ ਲਿਖਤ ਹੁਕਮਨਾਮੇ ਵਾਰਤਕ ਵਿੱਚ ਲਿਖੇ ਵੀ ਮਿਲਦੇ ਹਨ ਜੋ ਪ੍ਰਮਾਣਿਕ ਹਨ। ਉਹਨਾਂ ਦੀ ਬਾਣੀ ਸੱਚ, ਨਿਮਰਤਾ, ਵੈਰਾਗ ਅਤੇ ਭਗਤੀ ਮਾਰਗ ਨੂੰ ਦਰਸਾਉਂਦੀ ਹੋਈ ਇੱਕ ਅਜਿਹੀ ਸਾਕਾਰਾਤਮਕ ਮੂਰਤ ਸਾਡੇ ਸਾਹਮਣੇ ਪੇਸ਼ ਕਰਦੀ ਹੋਈ ਸਮੁੱਚੀ ਕੌਮ ਨੂੰ ਹਲੂਣਦੀ ਹੋਈ ਇੱਕ ਨਵੀਂ ਦਿਸ਼ਾ ਪ੍ਰਦਾਨ ਕਰਦੀ ਹੈ। ਉਹਨਾਂ ਦੀ ਰਾਗਾਂ ਤੇ ਆਧਾਰਿਤ ਸੰਗੀਤਮਈ ਧੁਨ ਵਿੱਚ ਉਚਰਿਤ ਇਲਾਹੀ ਬਾਣੀ ਹਿਰਦੇ ਨੂੰ ਟੁੰਬਣ ਵਾਲੀ ਵੈਰਾਗ ਅਤੇ ਤਿਆਗ ਮਈ ਬਾਣੀ ਹੈ।

ਗੁਰੂ ਜੀ ਨੇ ਆਪਣਾ ਸਾਰਾ ਜੀਵਨ ਮਾਨਵੀ ਜਗਤ ਨੂੰ ਅਸਥਿਰ ਤੋਂ ਸਥਿਰ ਬਣਾਉਣ, ਦੁੱਖ-ਸੁੱਖ ਤੋਂ ਨਿਰਲੇਪ, ਖੁਸ਼ੀ-ਗਮੀ, ਉਸਤਤ-ਨਿੰਦਾ, ਮਾਣ-ਅਪਮਾਨ, ਵੈਰੀ-ਮਿੱਤਰ, ਕੰਚਨ-ਮਾਟੀ, ਪ੍ਰਭੂ-ਭਗਤੀ, ਮੌਤ ਦੀ ਅਟੱਲਤਾ, ਵਿਸ਼ਵ-ਵਿਕਾਰਾਂ ਅਤੇ ਪਾਖੰਡਾਂ ਦਾ ਤਿਆਗ, ਪਰਮਾਤਮਾ ਦੀ ਸਰਬ- ਵਿਆਪਕਤਾ ਅਤੇ ਸਰਬ- ਸ਼ਕਤੀਮਾਨ ਪਰਮਾਤਮਾ ਆਦਿ ਗੁਣਾਂ ਨੂੰ ਆਪਣੀ ਬਾਣੀ ਵਿੱਚ ਰੱਖ ਕੇ ਮਨੁੱਖ ਨੂੰ ਚੰਗੇ ਕਰਮ ਕਰਕੇ ਪਰਮਾਤਮਾ ਦੇ ਅਧਿਆਤਮਿਕ ਰਾਹਾਂ ਤੇ ਚੱਲਣ ਦਾ ਉਪਦੇਸ਼ ਦੇਣ ਦੇ ਨਾਲ-ਨਾਲ ਮਨੁੱਖਤਾ ਨੂੰ ਪ੍ਰਤਿਭਾਸ਼ਾਲੀ ਮਨੁੱਖ ਬਣਾਉਣਾ ਸੀ ਜਿਸ ਵਿੱਚ ਮਾਨਵ ਆਪਣੇ ਲਈ ਅਤੇ ਦੂਜੇ ਦੇ ਹੱਕ-ਸੱਚ ਲਈ ਪਹਿਰਾ ਦੇਵੇ। ਉਹਨਾਂ ਨੇ ਮਨੁੱਖੀ ਜੀਵਨ ਦੀ ਨਾਸ਼ਮਾਨਤਾ 'ਤੇ ਜੋਰ ਦਿੰਦਿਆਂ ਕਿਹਾ ਹੈ:-

**ਝੂਠਾ ਤਨੁ ਸਾਚਾ ਕਰਿ ਮਾਨਿਓ ਜਿਉ ਸੁਪਨਾ ਰੈਨਾਈ॥**

**ਜੋ ਦੀਸੈ ਸੋ ਸਗਲ ਬਿਨਾਸੈ ਜਿਉ ਬਾਦਰ ਕੀ ਛਾਈ॥**[2]

ਉਹਨਾਂ ਨੇ ਮਨੁੱਖੀ ਮਨ ਦੀ ਚੇਤਨਾ ਨੂੰ ਆਤਮਾ ਰੂਪੀ ਗਿਆਨ ਨਾਲ ਜੋੜਦੇ ਹੋਏ ਮਾਇਆ ਰੂਪੀ ਅਡੰਬਰਾਂ ਤੋਂ ਮੁਕਤ ਰਹਿਣ ਦੀ ਗੱਲ ਕੀਤੀ ਹੈ ਕਿਉਂਕਿ ਸਾਰਾ ਸੰਸਾਰ ਸੁਪਨੇ ਦੇ ਨਿਆਂਈ ਹੈ। ਉਹਨਾਂ ਨੇ ਮਨੁੱਖੀ ਜੀਵਨ ਨੂੰ ਆਉਣ ਜਾਣ ਦੀ ਖੇਡ ਦੱਸਦੇ ਹੋਏ ਕਿਹਾ ਹੈ:-

**ਜਗ ਰਚਨਾ ਸਭ ਝੂਠ ਹੈ ਜਾਨਿ ਲੇਹੁ ਰੇ ਮੀਤ॥**

**ਕਹਿ ਨਾਨਕ ਥਿਰੁ ਨਾ ਰਹੈ ਜਿਉ ਬਾਲੂ ਕੀ ਭੀਤਿ॥**[3]

ਇਤਿਹਾਸ ਇਸ ਗੱਲ ਦਾ ਗਵਾਹ ਹੈ ਕਿ ਸ੍ਰੀ ਗੁਰੂ ਤੇਗ਼ ਬਹਾਦਰ ਜੀ ਨੂੰ ਅਕਾਲ ਪੁਰਖ ਵੱਲੋਂ ਭੇਜਿਆ ਸੰਦੇਸ਼ 'ਸਰਬੱਤ ਦਾ ਭਲਾ' ਸ਼ਹੀਦੀ ਦੇਣ ਤੋਂ ਪਿੱਛੋਂ ਨਾ ਹਟਣ ਵਾਲਾ ਸੰਦੇਸ਼ ਸੀ। ਸ੍ਰੀ ਗੁਰੂ ਤੇਗ਼ ਬਹਾਦਰ ਜੀ ਨੇ ਆਪਣੀ ਬਹਾਦਰੀ ਦੇ ਸੰਕੇਤ ਬਹੁਤ ਛੋਟੀ ਉਮਰ ਵਿੱਚ ਹੀ ਦਿਖਾਉਣੇ ਸ਼ੁਰੂ ਕਰ ਦਿੱਤੇ ਸਨ। ਆਪਣੀ ਉਮਰ ਦੇ ਲਗਭਗ 13-14 ਕੁ ਸਾਲ ਵਿੱਚ ਹੀ ਉਹਨਾਂ ਨੇ ਕਰਤਾਰਪੁਰ ਦੀ ਚੌਥੀ ਜੰਗ ਵੇਲੇ ਪੈਂਦੇ ਖਾਨ ਤੇ ਕਾਲੇ ਖਾਨ ਨਾਲ ਡੱਟ ਕੇ ਮੁਕਾਬਲਾ ਆਪਣੀ ਤੇਜ਼ ਤਲਵਾਰ ਨਾਲ ਕੀਤਾ ਜਿਸ ਤੋਂ ਖੁਸ਼ ਹੋ ਕੇ ਉਹਨਾਂ ਦੇ ਪਿਤਾ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਨੇ ਉਹਨਾਂ ਦਾ ਨਾਮ ਤਿਆਗ ਮਲ ਤੋਂ ਤੇਗ ਬਹਾਦਰ ਰੱਖ ਦਿੱਤਾ। ਉਹਨਾਂ ਨੂੰ ਬਚਪਨ ਵਿੱਚ ਹੀ ਆਪਣੇ ਸਨੇਹ, ਦਲੇਰੀ, ਨਿਡਰਤਾ, ਦਿਆਲਤਾ ਅਤੇ ਦੂਜੇ ਧਰਮ ਦੀ ਰਾਖੀ ਲਈ ਸੰਘਰਸ਼ ਕਰਨ ਵਰਗੇ ਗੁਣ ਪ੍ਰਾਪਤ ਹੋ ਚੁੱਕੇ ਸਨ। ਉਹ ਸ਼ੁਰੂ ਤੋਂ ਹੀ ਨਿਰਭਉ ਅਤੇ ਨਿਡਰ ਸਨ ਅਤੇ ਉਹਨਾਂ ਦੀ ਬਾਣੀ ਦੇ ਸਲੋਕ ਵਿਚਲੀਆਂ ਅਟੱਲ ਸਚਾਈਆਂ ਇਸੇ ਤੱਥ ਦੀ ਪੁਸ਼ਟੀ ਕਰਦੀਆਂ ਹਨ ਅਤੇ ਸਮੁੱਚੀ ਮਨੁੱਖਤਾ ਦਾ ਸਹੀ ਮਾਰਗ ਦਰਸ਼ਨ ਕਰਦੀਆਂ ਹੋਈਆਂ ਨੈਤਿਕ ਸਰੋਕਾਰਾਂ ਨਾਲ ਜੋੜਦੀਆਂ ਹਨ।

**ਭੈ ਕਾਹੂ ਕਉ ਦੇਤ ਨਹਿ ਨਹਿ ਭੈ ਮਾਨਤ ਆਨ॥**

**ਕਹੁ ਨਾਨਕ ਸੁਨਿ ਰੇ ਮਨਾ ਗਿਆਨੀ ਤਾਹਿ ਬਖਾਨਿ॥**[4]

**ਜੋ ਉਪਜਿਓ ਸੋ ਬਿਨਸਿ ਹੈ ਪਰੋ ਆਜੁ ਕੈ ਕਾਲਿ॥**[5]

**ਰਾਮੁ ਗਇਓ ਰਾਵਨੁ ਗਇਓ ਜਾ ਕਉ ਬਹੁ ਪਰਵਾਰੁ॥**[6]

ਔਰੰਗਜ਼ੇਬ ਦਾ ਮਿਸ਼ਨ ਬ੍ਰਾਹਮਣਾਂ ਨੂੰ ਡਰਾ ਧਮਕਾ ਕੇ ਮੁਸਲਮਾਨ ਬਣਾਉਣਾ ਸੀ। ਇਸ ਲਈ ਉਸਨੇ ਸਭ ਤੋਂ ਪਹਿਲਾਂ ਕਸ਼ਮੀਰੀ ਪੰਡਤਾਂ ਨੂੰ ਮੁਸਲਮਾਨ ਬਣਾਉਣ ਦਾ ਮਿਸ਼ਨ ਚੁਣਿਆ। ਉਸ ਦਾ ਇਰਾਦਾ ਸੀ ਕਿ ਜੇਕਰ ਕਸ਼ਮੀਰੀ ਪੰਡਤਾਂ ਨੂੰ ਮੁਸਲਮਾਨ ਬਣਾ ਦਿੱਤਾ ਗਿਆ ਤਾਂ ਹਿੰਦੂ ਆਪੇ ਹੀ ਇਸਲਾਮ ਧਰਮ ਕਬੂਲ ਕਰ ਲੈਣਗੇ। ਉਸ ਨੇ ਹਿੰਦੂਆਂ ਤੋਂ ਜਜ਼ੀਆ ਕਰ ਵਸੂਲਣਾ, ਮੇਲੇ ਤਿਉਹਾਰਾਂ ਤੇ ਪਾਬੰਦੀ, ਪਾਠਸ਼ਾਲਾ ਨੂੰ ਮਦਰਸਿਆਂ ਵਿੱਚ ਬਦਲਣਾ, ਤੀਰਥ ਯਾਤਰਾ ਕਰ ਵਸੂਲਣਾ, ਗੁਰਦੁਆਰਿਆਂ ਦੀ ਲੰਗਰ-ਪੰਗਤ ਦੀ ਪ੍ਰਥਾ ਨੂੰ ਖਤਮ ਕਰਨਾ ਆਦਿ ਵਿਉਂਤਾ ਬਣਾਈਆਂ ਸਨ।ਸੰਨ 25 ਮਈ 1675 ਨੂੰ ਸ਼ੇਰ ਅਫ਼ਗਾਨ ਦੀ ਤਲਵਾਰ ਅੱਗੇ ਸਿਰ ਝੁਕਾਉਣ ਤੋਂ ਪਹਿਲਾਂ ਕਸ਼ਮੀਰੀ ਪੰਡਤਾਂ ਦਾ ਇੱਕ ਟੋਲਾ ਅਨੰਦਪੁਰ ਸਾਹਿਬ ਵਿਖੇ ਗੁਰੂ ਜੀ ਕੋਲ ਧਰਮ ਦੀ ਰਾਖੀ ਲਈ ਫ਼ਰਿਆਦ ਲੈ ਕੇ ਆਇਆ।ਜਦੋਂ ਉਹਨਾਂ ਨੇ ਆਪਣੀ ਸਾਰੀ ਵਿਥਿਆ ਗੁਰੂ ਜੀ ਨੂੰ ਸੁਣਾਈ ਤਾਂ ਗੁਰੂ ਜੀ ਕੋਲ ਉਹਨਾਂ ਦੇ 8-9 ਸਾਲਾਂ ਦਾ ਪੁੱਤਰ ਗੋਬਿੰਦ ਰਾਏ ਬੈਠੇ ਸਨ ਤਾਂ ਉਹਨਾਂ ਨੇ


© Copyright @ Authors

 

ਆਪਣੀ ਆਵਾਜ਼ ਬੁਲੰਦ ਕਰਦੇ ਹੋਏ ਕਿਹਾ, 'ਇਸ ਮਹਾਨ ਕੰਮ ਨੂੰ ਤੁਹਾਡੇ ਤੋਂ ਬਗੈਰ ਹੋਰ ਕੌਣ ਕਰ ਸਕਦਾ ਹੈ?' ਆਪਣੇ ਪੁੱਤਰ ਬਾਲ ਗੋਬਿੰਦ ਦੇ ਕਹੇ ਬੋਲਾਂ ਤੇ ਪ੍ਰਪੱਕਤਾ ਦਿਖਾਉਂਦੇ ਹੋਏ ਗੁਰੂ ਜੀ ਦੇ ਚੇਤਨ ਮਨ ਅਤੇ ਤੇਜ਼ਸਵੀ ਗੂੰਜ ਨੇ ਕਸ਼ਮੀਰੀ ਪੰਡਤਾਂ ਨੂੰ ਹਲੂਣਿਆ। ਗੁਰੂ ਜੀ ਇਸ ਗੱਲ ਤੋਂ ਭਲੀ-ਭਾਂਤ ਜਾਣੂ ਸਨ ਕਿ ਸ਼ਹਾਦਤ ਦਿੱਤੇ ਬਿਨਾਂ ਦੂਜੇ ਧਰਮ ਦੀ ਰੱਖਿਆ ਨਹੀਂ ਕੀਤੀ ਜਾ ਸਕਦੀ ਇਸ ਲਈ ਗੁਰੂ ਜੀ ਨੇ 8 ਜੁਲਾਈ 1675 ਨੂੰ ਗੁਰੂ ਗੋਬਿੰਦ ਰਾਏ ਨੂੰ ਗੁਰਗੱਦੀ ਸੌਂਪੀ ਅਤੇ 11 ਜੁਲਾਈ 1675 ਨੂੰ ਆਪਣੇ ਤਿੰਨ ਸਿੰਘਾਂ ਭਾਈ ਮਤੀ ਦਾਸ, ਭਾਈ ਸਤੀ ਦਾਸ, ਭਾਈ ਦਿਆਲਾ ਜੀ ਨਾਲ ਆਨੰਦਪੁਰ ਸਾਹਿਬ ਤੋਂ ਦਿੱਲੀ ਵੱਲ ਚੱਲ ਪਏ। ਮੁਸਲਮਾਨੀ ਅਧਿਕਾਰੀਆਂ ਨੂੰ ਸੂਹ ਲੱਗਣ ਤੇ ਗੁਰੂ ਜੀ ਨੂੰ ਗ੍ਰਿਫਤਾਰ ਕਰਕੇ ਆਗਰੇ ਦੀ ਜੇਲ ਵਿੱਚ ਬੰਦ ਕਰ ਦਿੱਤਾ ਗਿਆ ਅਤੇ ਔਰੰਗਜ਼ੇਬ ਦੀ ਕੱਟੜ ਨੀਤੀ ਅੱਗੇ ਤਿੰਨ ਸ਼ਰਤਾਂ :- ਪਹਿਲੀ ਇਸਲਾਮ ਧਰਮ ਨੂੰ ਕਬੂਲਣ ਦੀ, ਦੂਜੀ ਕਰਾਮਾਤ ਦਿਖਾਉਣ ਦੀ ਅਤੇ ਤੀਜੀ ਸ਼ਰਤ ਜਾਨ ਦੇਣ ਦੀ ਸੀ। ਆਪਣੇ ਨਿਸ਼ਚੇ ਪ੍ਰਤੀ ਦ੍ਰਿੜਤਾ ਦਿਖਾਉਂਦੇ ਹੋਏ ਗੁਰੂ ਜੀ ਨੇ ਕਿਹਾ:-

**ਜੋ ਉਪਜਿਓ ਸੋ ਬਿਨਸਿ ਹੈ ਪਰੋ ਆਜੁ ਕੈ ਕਾਲਿ॥** [7]

**ਚਿੰਤਾ ਤਾ ਕੀ ਕੀਜੀਐ ਜੋ ਅਨਹੋਨੀ ਹੋਇ॥**

**ਇਹੁ ਮਾਰਗੁ ਸੰਸਾਰ ਕੋ ਨਾਨਕ ਥਿਰੁ ਨਹੀ ਕੋਇ॥** [8]

ਗੁਰੂ ਜੀ ਨੂੰ ਧਮਕਾਉਂਦੇ ਹੋਏ ਪਹਿਲਾਂ ਭਾਈ ਮਤੀ ਦਾਸ ਨੂੰ ਆਰੇ ਨਾਲ ਚੀਰਿਆ ਗਿਆ ਫਿਰ ਭਾਈ ਦਿਆਲਾ ਜੀ ਨੂੰ ਉਬਲਦੀ ਦੇਗ 'ਚ ਪਾਇਆ ਗਿਆ ਅਤੇ ਭਾਈ ਸਤੀ ਦਾਸ ਜੀ ਨੂੰ ਰੂੰ ਵਿੱਚ ਬੰਨ ਕੇ ਸਾੜਿਆ ਗਿਆ।ਗੁਰੂ ਜੀ ਆਪਣੀ ਅਧਿਆਤਮਵਾਦੀ ਸੋਚ ਸਦਕਾ ਅਡੋਲ ਟਿਕੇ ਸਭ ਵਰਤਾਰਾ ਦੇਖਦੇ ਰਹੇ। ਗੁਰੂ ਜੀ ਦੇ ਸਾਹਸੀ, ਨਿਡਰਤਾ, ਮਨੋਬਲ, ਸੰਜਮ, ਸੰਤੋਖ, ਨਿਮਰਤਾ, ਪਰਉਪਕਾਰੀ ਵਰਗੇ ਗੁਣਾਂ ਨੇ ਉਹਨਾਂ ਦੀ ਉੱਚੀ-ਸੁੱਚੀ ਸ਼ਖਸੀਅਤ ਅਤੇ ਦੂਜੇ ਧਰਮਾਂ ਦੀ ਰਾਖੀ ਲਈ ਸ਼ਹਾਦਤ ਨੂੰ ਆਪਣਾ ਫ਼ਰਜ਼ ਸਮਝਦੇ ਹੋਏ ਸ਼ਹਾਦਤ ਦਾ ਜ਼ਾਮ ਹੱਸਦੇ ਹੱਸਦੇ ਪੀ ਲਿਆ। ਜਿਸ ਦਾ ਜ਼ਿਕਰ ਦਸਮ ਗ੍ਰੰਥ ਵਿੱਚ ਇਸ ਤਰ੍ਹਾਂ ਕੀਤਾ ਗਿਆ ਹੈ

**ਤੇਗ ਬਹਾਦਰ ਕੇ ਚਲਤ ਭਯੋ ਜਗਤ ਕੋ ਸੋਕ॥**

**ਹੈ ਹੈ ਹੈ ਸਭ ਜਗ ਭਯੋ ਜੈ ਜੈ ਜੈ ਸੁਰ ਲੋਕ॥ ।** [9]

ਗੁਰੂ ਜੀ ਨੇ ਬੜੀ ਨਿਡਰਤਾ ਨਾਲ ਤਿਲਕ ਜੰਝੂ ਦੀ ਰਾਖੀ ਲਈ ਆਪਣੇ ਆਪ ਨੂੰ ਜਲਾਦ ਹੱਥੋਂ ਕੁਰਬਾਨ ਕਰ ਦਿੱਤਾ।ਇੱਕ ਪਾਸੇ ਲੱਖੀ ਸ਼ਾਹ ਨੇ ਗੁਰੂ ਜੀ ਦੇ ਧੜ ਦਾ ਸਸਕਾਰ ਰਕਾਬ ਗੰਜ ਵਿਖੇ ਕੀਤਾ ਦੂਜੇ ਪਾਸੇ ਭਾਈ ਜੈਤਾ ਜੀ ਨੇ ਬੜੇ ਹੀ ਅਦਬ ਅਤੇ ਸਤਿਕਾਰ ਨਾਲ ਗੁਰੂ ਜੀ ਦਾ ਸੀਸ ਦਿੱਲੀ ਤੋਂ ਅਨੰਦਪੁਰ ਦੀ ਧਰਤੀ ਤੇ ਲਿਆ ਕੇ ਜਦੋਂ ਉਹਨਾਂ ਦੇ ਪੁੱਤਰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੂੰ ਸੌਂਪਿਆ ਤਾਂ ਉਹਨਾਂ ਨੇ ਭਾਈ ਜੈਤਾ ਜੀ ਨੂੰ "ਰੰਗਰੇਟਾ ਗੁਰੂ ਕਾ ਬੇਟਾ ਕਹਿ ਕੇ ਨਿਵਾਜਿਆ"। ਡਾ. ਤਾਰਨ ਸਿੰਘ ਆਪਣੀ ਕਿਤਾਬ ਜੀਵਨ ਸੰਦੇਸ਼ ਤੇ ਸ਼ਹਾਦਤ ਵਿੱਚ ਲਿਖਦੇ ਹਨ:-

**"ਸੱਚਮੁੱਚ ਹੀ ਆਪ ਜੀ ਦੀ ਸ਼ਹੀਦੀ ਇੱਕ ਸ੍ਰੇਸ਼ਟਤਮ ਨਾਇਕ ਦੀ ਸੀ। ਆਪ ਨੇ ਕਿਸੇ ਸਿਰਰੁ ਲਈ ਸ਼ਹੀਦੀ ਦਿੱਤੀ। ਉਸ ਸਿਰਰੁ ਨੂੰ ਪੂਰਾ ਨਿਭਾਇਆ। 'ਸਿਰਰ ਧਰਮ ਦੀ ਰੱਖਿਆ ਸੀ, ਸਾਧਨ ਜਾਂ ਧਰਮੀਆਂ ਦੀ ਰੱਖਿਆ ਸੀ"।** [10]

ਸੋ ਉਹਨਾਂ ਦੀ ਸ਼ਹਾਦਤ ਸਿੱਖ ਧਰਮ ਦੇ ਇਤਿਹਾਸ ਵਿੱਚ ਇੱਕ ਨਵਾਂ ਇਨਕਲਾਬੀ ਮੋੜ ਪੈਦਾ ਕਰਦੀ ਕਰਦੀ ਹੋਈ ਮਨੁੱਖੀ ਇਤਿਹਾਸ ਨੂੰ ਇੱਕ ਨਵਾਂ ਰੰਗ ਪ੍ਰਦਾਨ ਕਰਦੀ ਹੈ। ਜਿਸ ਬਾਰੇ ਐਸ.ਐਸ. ਜੌਹਰ ਲਿਖਦੇ ਹਨ:-

**"ਗੁਰੂ ਤੇਗ਼ ਬਹਾਦਰ ਜੀ ਦੀ ਸ਼ਹੀਦੀ ਆਉਣ ਵਾਲੀਆਂ ਨਸਲਾਂ ਲਈ ਇੱਕ ਅਦੁੱਤੀ ਮਿਸਾਲ ਹੈ। ਇਹ ਇੱਕ ਮਹੱਤਵਪੂਰਨ ਘਟਨਾ ਸੀ ਜਿਸ ਦੇ ਭਵਿੱਖ ਦੇ ਪੰਜਾਬ ਦੇ ਇਤਿਹਾਸ 'ਤੇ ਅਨੇਕਾਂ ਦੂਰਗਾਮੀ ਪ੍ਰਭਾਵ ਪਏ"।** [11]

ਸ੍ਰੀ ਗੁਰੂ ਤੇਗ਼ ਬਹਾਦਰ ਜੀ ਦੀ ਸ਼ਹਾਦਤ ਸਮੁੱਚੀ ਕੌਮ ਨੂੰ ਹਲੂਣਦੀ ਹੋਈ ਉੱਚਾ-ਸੁੱਚਾ ਰੱਖਣ ਦੇ ਨਾਲ ਨਾਲ ਦੂਜੇ ਦੇ ਹਿੱਤਾਂ ਦੀ ਪੂਰਤੀ ਲਈ ਆਪਾਂ ਵਾਰਨ ਲਈ ਹਮੇਸ਼ਾ ਤਿਆਰ-ਬਰ-ਤਿਆਰ ਰਹਿਣ ਦਾ ਸੰਦੇਸ਼ ਦਿੰਦੀ ਹੈ।ਆਪਣੇ ਆਪ ਨੂੰ ਹਿੰਦ ਦੀ ਚਾਦਰ,ਸ੍ਰਿਸ਼ਟੀ ਦੀ ਚਾਦਰ, ਲੋਕ ਨਾਇਕ ਅਖਵਾਉਣ ਵਾਲੇ ਸ੍ਰੀ ਗੁਰੂ ਤੇਗ਼ ਬਹਾਦਰ ਜੀ ਨੇ ਪੂਰੇ ਹਿੰਦੁਸਤਾਨ ਵਿੱਚ ਆਪਣੀ ਮਾਣ-ਮਰਿਆਦਾ ਨੂੰ ਬਰਕਰਾਰ ਰੱਖਿਆ ਅਤੇ ਉਹਨਾਂ ਦੀ ਸ਼ਹਾਦਤ ਨੇ ਕੌਮ ਅੰਦਰ ਸਵੈ-ਵਿਸ਼ਵਾਸ, ਸਵੈ-ਮਾਣ ਅਤੇ ਸਵੈ-ਬਲ ਪੈਦਾ ਕਰਕੇ ਆਪਣੀ ਵਿਰਾਸਤ ਨੂੰ ਗੁਲਾਮੀ ਦੀ ਜ਼ੰਜੀਰਾ ਤੋਂ ਨਿਜਾਤ ਪਵਾ ਕੇ ਆਪਣੀ ਵਿਰਾਸਤ ਨੂੰ ਜਿਉਂਦਾ ਰੱਖਣ ਦਾ ਸਹੀ ਸਬੂਤ ਦਿੱਤਾ। ਜਿਸ ਬਾਰੇ ਤਾਰਨ ਸਿੰਘ ਲਿਖਦੇ ਹਨ:-

**"ਸੰਸਾਰ ਦੇ ਇਤਿਹਾਸ ਵਿੱਚ ਸ਼ਹਾਦਤਾਂ ਕਈ ਹੋਈਆਂ ਹਨ। ਇਹੋ ਜਿਹੀ ਸ਼ਹਾਦਤ ਕੇਵਲ ਇਹੋ ਹੋਈ ਹੈ। ਹੋਰ ਮਹਾਨ ਸ਼ਹੀਦਾਂ ਨੇ ਆਪਣੇ ਧਰਮ ਲਈ ਸ਼ਹਾਦਤਾਂ ਦਿੱਤੀਆਂ ਹਨ।ਇਹ ਬੜੀ ਵੱਡੀ ਗੱਲ ਹੈ ਕਿ ਇਹ ਸ਼ਹਾਦਤ ਹਰ ਧਰਮ ਨੂੰ ਕਾਇਮ ਰੱਖਣ ਤੇ ਫ਼ਲਣ-ਫ਼ੁੱਲਣ ਦੀ ਆਜ਼ਾਦੀ ਦਿਵਾਣ ਲਈ ਹੋਈ। ਨਿਰੇ ਗੁਰੂ ਤੇਗ਼ ਬਹਾਦਰ ਨੇ ਆਪਣੇ ਧਰਮ ਦੀ ਰੱਖਿਆ ਲਈ ਨਹੀਂ ਹੋਈ"।** [12]

ਸ੍ਰੀ ਗੁਰੂ ਤੇਗ਼ ਬਹਾਦਰ ਜੀ ਦੀ ਲਾਸਾਨੀ ਸ਼ਹਾਦਤ ਨੇ ਪੰਜਾਬੀ ਸਿੱਖ ਕੌਮ ਅੰਦਰ ਨਵਾਂ ਜੋਸ਼ ਭਰਿਆ ਤੇ ਉਹਨਾਂ ਦੀ ਬਦਲੇ ਦੀ ਭਾਵਨਾ ਨੇ ਮੁਗ਼ਲ ਸਾਮਰਾਜ ਦਾ ਪੰਜਾਬ ਅੰਦਰ ਨਾਮੋ ਨਿਸ਼ਾਨ ਮਿਟਾ ਦਿੱਤਾ।


© Copyright @ Authors

ISSN: 2348-473X
Peer Reviewed & Refereed Journal (IF: 6.74)
Journal Website: www.nrjss.in

ਸ੍ਰੀ ਗੁਰੂ ਤੇਗ਼ ਬਹਾਦਰ ਜੀ ਦੀ ਬਾਣੀ ਦਾ ਸੰਦੇਸ਼ ਸਮੁੱਚੀ ਲੋਕਾਈ ਅੰਦਰ ਅਜਿਹੇ ਭਾਵਾਂ ਦਾ ਸੰਚਾਰ ਕਰਨਾ ਸੀ ਜੋ ਹੱਕ-ਸੱਚ ਲਈ ਆਵਾਜ਼ ਬੁਲੰਦ ਕਰਦੀ ਹੋਈ ਸਹੀ ਮਾਰਗ ਦਰਸ਼ਨ ਕਰੇ ਜਿਸ ਦੀ ਮਿਸਾਲ ਤੇਗ਼ ਦੇ ਧਨੀ ਅਖਵਾਉਣ ਵਾਲੇ ਸ੍ਰੀ ਗੁਰੂ ਤੇਗ਼ ਬਹਾਦਰ ਜੀ ਸਨ ਜ੍ਹਿਨਾਂ ਨੇ ਭਾਰਤ ਦੀ ਤਵਾਰੀਖ਼ ਨੂੰ ਬਦਲ ਕੇ ਵਿਸ਼ਵ-ਮਨੁੱਖੀ ਇਤਿਹਾਸ ਵਿੱਚ ਇੱਕ ਨਵਾਂ ਇਨਕਲਾਬੀ ਮੋੜ ਅਤੇ ਨਵਾਂ ਰੰਗ ਭਰਦੇ ਹੋਏ ਪੂਰੇ ਹਿੰਦੁਸਤਾਨ ਦੀ ਮਾਣ-ਮਰਿਯਾਦਾ ਨੂੰ ਕਾਇਮ ਰੱਖਿਆ। ਉਹਨਾਂ ਦਾ ਸੰਦੇਸ਼ ਗੁਰੂ ਮਾਰਗ ਦਰਸ਼ਨ ਤੇ ਚੱਲਣ ਦਾ ਹੈ ਪਰ ਇਹ ਤਾਂ ਹੀ ਸੰਭਵ ਹੈ ਜੇਕਰ ਅਸੀਂ ਆਪਣੀ ਵਿਰਾਸਤ ਨਾਲ ਜੁੜੀਏ, ਦੂਸਰਿਆਂ ਦੀ ਹੋਂਦ ਨੂੰ ਸਵੀਕਾਰੀਏ, ਉਹਨਾਂ ਦਾ ਸਤਿਕਾਰ ਕਰੀਏ, ਲੋੜ ਪੈਣ ਤੇ ਉਹਨਾਂ ਦੀ ਮਦਦ ਲਈ ਹੱਥ ਵਧਾਈਏ ਤਾਂ ਹੀ ਸਾਡੇ ਆਯੋਜਿਤ ਸੈਮੀਨਾਰ ਸਾਰਥਿਕ ਸਿੱਧ ਹੋਣਗੇ। ਆਓ! ਅਸੀਂ ਉਸ ਪਰਮਾਤਮਾ ਰੂਪੀ ਗੁਰੂ ਨੂੰ ਸਿਮਰੀਏ ਅਤੇ ਉਹਨਾਂ ਦੇ ਹੱਕ-ਸੱਚ ਦੇ ਭਾਵਾਂ ਨੂੰ ਦੇਸ਼ ਦੇ ਕੋਨੇ-ਕੋਨੇ ਤੱਕ ਪਹੁੰਚਾਈਏ ਜਿੰਨਾਂ ਦਾ ਪੂਰੇ ਹਿੰਦੁਸਤਾਨ ਵਿੱਚ ਬੜੀ ਸ਼ਰਧਾ ਪੂਰਵਕ 350 ਸਾਲਾ ਸ਼ਹਾਦਤ ਦਿਹਾੜਾ ਮਨਾਇਆ ਜਾ ਰਿਹਾ ਹੈ। ਆਓ! ਅਸੀਂ ਇਸਨੂੰ ਸ੍ਰੀ ਗੁਰੂ ਤੇਗ਼ ਬਹਾਦਰ ਜੀ ਦੀ ਲਾਸਾਨੀ ਸ਼ਹਾਦਤ ਨੂੰ ਨਮਨ ਕਰਦਿਆਂ ਉਹਨਾਂ ਦੀ ਬਾਣੀ ਦੇ ਭਾਵਾਂ ਨੂੰ ਆਪਣੇ ਹਿਰਦੇ 'ਚ ਵਸਾਉਂਦੇ ਹੋਏ ਆਪਣੀ ਨੌਜਵਾਨ ਪੀੜ੍ਹੀ ਨੂੰ ਗੁਰੂ ਦੇ ਦੱਸੇ ਹੋਏ ਮਾਰਗ ਵੱਲ ਤੋਰੀਏ ਅਤੇ ਆਪਣੀ ਵਿਰਾਸਤ ਨੂੰ ਨਿਰੰਤਰ ਜੀਵਤ ਰੱਖਦੇ ਹੋਏ ਗੁਰੂ ਜੀ ਦੇ ਸਿਧਾਂਤਾਂ ਪ੍ਰਤੀ ਵਚਨਬੱਧਤਾ ਨਿਭਾਉਂਦੇ ਹੋਏ ਸਹੀ ਮਾਰਗ ਦਰਸ਼ਨ ਕਰੀਏ।

**ਹਵਾਲੇ ਅਤੇ ਟਿੱਪਣੀਆਂ:-**

1. ਡਾ.ਹਰਦੀਪ ਸਿੰਘ, ਗੁਰੂ ਤੇਗ ਬਹਾਦਰ ਦਰਸ਼ਨ, ਭਾਸ਼ਾ ਵਿਭਾਗ ਪੰਜਾਬ,1977 ਪੰਨਾ-50
2. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ-219, (ਰਾਗ ਗਉੜੀ)
3. ਉਹੀ, ਪੰਨਾ-1429, ਸਲੋਕ-49
4. ਉਹੀ, ਪੰਨਾ-1427
5. ਉਹੀ, ਪੰਨਾ-1429
6. ਉਹੀ, ਪੰਨਾ-1429
7. ਉਹੀ, ਪੰਨਾ-1429
8. ਉਹੀ, ਪੰਨਾ-1429
9. ਸ੍ਰੀ ਗੁਰੂ ਗੋਬਿੰਦ ਸਿੰਘ,ਚੋਣਵੀਂ ਬਾਣੀ-ਦਸਮ ਗ੍ਰੰਥ, ਗੁਰੂ ਗੋਬਿੰਦ ਸਿੰਘ ਫਾਊਂਡੇਸ਼ਨ,ਚੰਡੀਗੜ੍ਹ,1967, ਪੰਨਾ 55
10. ਡਾ. ਤਾਰਨ ਸਿੰਘ, ਜੀਵਨ ਸੰਦੇਸ਼ ਤੇ ਸ਼ਹਾਦਤ, ਪੰਜਾਬੀ ਯੂਨੀਵਰਸਿਟੀ,ਪਟਿਆਲਾ,1976, ਪੰਨਾ 273
11. ਐਸ.ਐਸ. ਜੌਹਰ, ਗੁਰੂ ਤੇਗ਼ ਬਹਾਦਰ, ਅਭੀਨਵ ਪਬਲਿਸ਼ਰਜ਼,ਨਵੀਂ ਦਿੱਲੀ,1975, ਪੰਨਾ 231
12. ਗੁਰੂ ਤੇਗ਼ ਬਹਾਦਰ: ਜੀਵਨ ਸੰਦੇਸ਼ ਅਤੇ ਸ਼ਹਾਦਤ, ਪੰਨਾ 274


© Copyright @ Authors